* ਮਹੱਤਵਪੂਰਨ ਪ੍ਰਸ਼ਨ+ਉੱਤਰ* # ਵਤਨ ਸਿੰਘ ਸੰਧੂ #

→ ਸ੍ਰੀ ਗੁਰੂ ਨਾਨਕ ਦੇਵ ਜੀ ਦੀਆ ਬਾਣੀਆਂ ਦੇ ਨਾਮ ਦੱਸੋ?

→ ਪਵਣ ਗੁਰੂ ਪਾਣੀ ਪਿਤਾ, ਸੋ ਕਿਉ ਮੰਦਾ ਆਖੀਐ, ਗਗਨ ਮੈ ਥਾਲ।

→ ਸੋ ਕਿਉ ਮੰਦਾ ਆਖੀਐ ਸ਼ਬਦ ਵਿਚ ਕਿਸ ਦੀ ਮਹਾਨਤਾ ਦਸੀ ਗਈ ਹੈ?

→ ਇਸਤਰੀ/ਔਰਤ ਦੀ।

→ ਗੁਰੂ ਜੀ ਅਨੁਸਾਰ ਕਿਸਦੀ ਸਿਫ਼ਤ ਨਾਲ ਸੱਚੇ ਦਰਬਾਰ ਵਿਚ ਕਦਰ ਪੈਂਦੀ ਹੈ?

→ ਪਰਮਾਤਮਾ ਦੀ ਸਿਫਤ ਨਾਲ।

→ ਗਗਨ ਮੈ ਥਾਲ ਬਾਣੀ ਵਿਚ ਕਿਸਦੀ ਆਰਤੀ ਉਤਾਰੀ ਜਾ ਰਹੀ ਹੈ?

→ ਭਵਖੰਡਨਾ (ਪਰਮਾਤਮਾ/ਰੱਬ) ਦੀ।

→ ਗਗਨ ਮੈ ਥਾਲ ਸ਼ਬਦ ਵਿਚ ਪ੍ਰਭੂ ਦੀ ਆਰਤੀ ਕੌਣ ਉਤਾਰ ਰਿਹਾ ਹੈ?

→ ਸਾਰੀ ਕੁਦਰਤ।

→ ਗੁਰਮਤਿ ਕਾਵਿ ਧਾਰਾ ਦੇ ਕਵੀ ਦੱਸੋ?

→ ਸ੍ਰੀ ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਅਰਜਨ ਦੇਵ ਜੀ, ਭਾਈ ਗੁਰਦਾਸ।

→ ਗੁਰਮਤਿ ਕਾਵਿ ਦੇ ਪਹਿਲੇ ਮੋਢੀ ਕੌਣ ਸਨ?

→ ਸ੍ਰੀ ਗੁਰੂ ਨਾਨਕ ਦੇਵ ਜੀ।

→ ਸ੍ਰੀ ਗੁਰੂ ਅਮਰਦਾਸ ਜੀ ਦੀਆਂ ਬਾਣੀਆ ਦੇ ਨਾਮ ਲਿਖੋ?

→ ਅਨੰਦ ਭਇਆ ਮੇਰੀ ਮਾਏ, ਏ ਸਰੀਰਾ ਮੇਰਿਆ, ਕਿਰਪਾ ਕਰ ਕੇ ਬਖਸ਼ ਲੈਹੁ।

→ ਅਨੰਦ ਕਿਸ ਤਰ੍ਹਾਂ ਪ੍ਰਾਪਤ ਹੁੰਦਾ ਹੈ?

→ ਸਤਿਗੁਰੂ ਦੀ ਪ੍ਰਾਪਤੀ ਨਾਲ।

→ ਸਰੀਰ ਨੇ ਕਿਸਨੂੰ ਮਨ ਵਿਚ ਨਹੀ ਵਸਾਇਆ?

→ ਰਚਣਹਾਰ ਪਰਮਾਤਮਾ ਨੂੰ।

→ ਗੁਰੂ ਅਮਰਦਾਸ ਜੀ ਅਨੁਸਾਰ ਅਸੀ ਜੀਵ ਕਿਹੋ ਜਿਹੇ ਹਾਂ?

→ ਭੁੱਲਣਹਾਰ, ਪਾਪੀ ਤੇ ਗੁਨਾਹਗਾਰ।

→ ਗੁਰੂ ਅਮਰਦਾਸ ਜੀ ਦੀ ਪ੍ਰਸਿੱਧ ਬਾਣੀ ਕਿਹੜੀ ਹੈ?

→ ਅਨੰਦ ਸਾਹਿਬ।

ਵਤਨ ਸਿੰਘ ਸੰਧੂ

Scanned with CamScanner

ਵਤਨ ਸਿੰਘ ਸੰਧੂ  ੧8555-3੧੨00

Date : ........./........../.........
Page No. : .....................

→ ਗੁਰੂ ਅਰਜਨ ਦੇਵ ਜੀ ਦੀਆ ਰਚਨਾਵਾਂ ਦੇ ਨਾਮ ਦੱਸੋ ?
→ ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ, ਮਿਠ ਬੋਲੜਾ ਜੀ ਹਰ ਸੱਜਣ, ਮੇਰਾ ਮਨ ਲੋਚੈ ਗੁਰਦਸ਼ਨ ਤਾਈ।
→ ਕਿਸਦਾ ਨਾਮ ਧਿਆਉਣ ਨਾਲ ਮਹਾਂ ਸੁਖ ਪ੍ਰਾਪਤ ਹੁੰਦਾ ਹੈ ?
→ ਪਰਮਾਤਮਾ ਦਾ।
→ ਵਿਕਾਰਾਂ ਦਾ ਔਖਾ ਘੋਲ ਕਿਸ ਤਰ੍ਹਾਂ ਜਿੱਤਿਆ ਗਿਆ ਹੈ ?
→ ਗੁਰੂ ਦੀ ਕਿਰਪਾ ਨਾਲ।
→ ਗੁਰੂ ਅਰਜਨ ਦੇਵ ਜੀ ਨੇ ਮੇਰੇ ਸਜਣ ਮੀਤ ਮੁਰਾਰੇ ਕਿਸ ਨੂੰ ਕਿਹਾ ਹੈ ?
→ ਗੁਰੂ ਪਿਤਾ ਨੂੰ।
→ ਭਾਈ ਗੁਰਦਾਸ ਜੀ ਦੀਆ ਰਚਨਾਵਾਂ ਦੇ ਨਾਂ ਲਿਖੋ :-
→ ਸਤਿਗੁਰ ਨਾਨਕ ਪ੍ਰਗਟਿਆ, ਦੇਖ ਪਰਾਈਆ ਚੰਗੀਆਂ, ਆਪ ਭਲਾ ਸਭ ਜਗ ਭਲਾ, ਅਕਿਰਤਘਣ।
→ ਚਾਰੇ ਦਿਸ਼ਾਵਾਂ ਤੇ ਨੌ ਖੰਡਾਂ ਨੂੰ ਕਿਸ ਨੇ ਤਾਰਿਆ ?
→ ਗੁਰੂ ਨਾਨਕ ਦੇਵ ਜੀ ਨੇ।
→ ਗੁਰੂ ਨਾਨਕ ਦੇਵ ਜੀ ਕਿਸ ਯੁੱਗ ਵਿਚ ਪ੍ਰਗਟ ਹੋਏ ?
→ ਕਲਯੁੱਗ ਵਿਚ।
→ ਸਾਰਾ ਸੰਸਾਰ ਕਿਸ ਨੂੰ ਬੁਰਾ ਦਿਸਦਾ ਹੈ ?
→ ਬੁਰੇ ਵਿਅਕਤੀ ਨੂੰ।
→ ਧਰਤੀ ਨੂੰ ਕਿਸਦਾ ਭਾਰ ਲਗਦਾ ਹੈ ?
→ ਅਕਿਰਤਘਣਾ ਦਾ।
→ ਪੰਜਾਬੀ ਸੂਫ਼ੀ ਕਾਵਿ ਦਾ ਮੋਢੀ ਕੌਣ ਹੈ ?
→ ਸ਼ੇਖ ਫ਼ਰੀਦ ਜੀ।
→ ਫਰੀਦ ਜੀ ਮਨੁੱਖ ਨੂੰ ਕਿਸੇ ਦੇ ਔਗੁਣ ਫੋਲਣ ਤੋਂ ਪਹਿਲਾ ਕੀ ਵੇਖਣ ਨੂੰ ਕਿਹਾ ?
→ ਆਪਣੇ ਔਗੁਣ।

ਵਤਨ ਸਿੰਘ ਸੰਧੂ 98555 39200

Date : ........./........./.........
Page No. : ........................

- ਬਾਬਾ ਫਰੀਦ ਅਨੁਸਾਰ ਰੱਬ ਕਿੱਥੇ ਵਸਦਾ ਹੈ ?
- ਹਿਰਦੇ ਵਿਚ।
- ਬਾਬਾ ਫ਼ਰੀਦ ਅਨੁਸਾਰ ਸਭ ਤੋਂ ਮਿੱਠੀ ਵਸਤੂ ਕੀ ਹੈ ?
- ਰੱਬ ਦਾ ਨਾਮ।
- ਫ਼ਰੀਦ ਜੀ ਕਿਸੇ ਨਾਲ ਕਿਹੋ ਜਿਹਾ ਬੋਲ ਬੋਲਣ ਤੋਂ ਵਰਜਦੇ ਹਨ ?
- ਫਿੱਕਾ / ਮਾੜਾ।
- ਸ਼ਾਹ ਹੁਸੈਨ ਦੀਆਂ ਰਚਨਾਵਾਂ ਦੇ ਨਾਮ ਲਿਖੋ ?
- ਸਭ ਕਿਛੁ ਮੇਰਾ ਤੂੰ, ਮਾਂਈ ਜਿਨ੍ਹਾਂ ਦੇ ਵਲ, ਆਪ ਨੂੰ ਪਛਾਣ।
- ਸ਼ਾਹ ਹੁਸੈਨ ਨੇ 'ਹਾਲ ਦਾ ਮਹਿਰਮ' ਕਿਸ ਨੂੰ ਕਿਹਾ ਹੈ
- ਰੱਬ ਨੂੰ।
- ਸ਼ਾਹ ਹੁਸੈਨ ਕਿਹੜੇ ਇਸ਼ਕ ਦੀ ਗੱਲ ਕਰਦਾ ਹੈ
- ਹਕੀਕੀ।
- ਬੁੱਲ੍ਹੇ ਸ਼ਾਹ ਦੀਆਂ ਰਚਨਾਵਾਂ ਦੇ ਨਾਮ ਲਿਖੋ
- ਬੁੱਲ੍ਹਿਆ ਕੀ ਜਾਣਾ ਮੈਂ ਕੌਣ, ਇਸ਼ਕ ਦੀ ਨਵੀਓਂ ਨਵੀਂ ਬਹਾਰ, ਤੇਰਾ ਨਾਮ ਧਿਆਈਦਾ।
- ਬੁੱਲ੍ਹੇ ਸ਼ਾਹ ਦਾ ਮਹਿਰਮ ਯਾਰ ਕੌਣ ਹੈ
- ਰੱਬ।
- ਬੁੱਲ੍ਹੇ ਸ਼ਾਹ 'ਰਾਂਝਾ' ਕਿਸ ਨੂੰ ਆਖਦਾ ਹੈ
- ਰੱਬ ਨੂੰ।
- ਬੁੱਲ੍ਹੇ ਨਾਲੋਂ ਚੰਗਾ ਕਿਸ ਨੂੰ ਕਿਹਾ ਹੈ
- ਚੁੱਲ੍ਹੇ ਨੂੰ।
- ਰੰਗੜ ਨਾਲੋਂ ਚੰਗਾ ਕਿਸ ਨੂੰ ਕਿਹਾ ਹੈ
- ਖਿੰਗਰ ਨੂੰ।
- ਸ਼ੇਖ਼ ਫ਼ਰੀਦ, ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ ਕਿਸ ਕਾਵਿ ਧਾਰਾ ਦੇ ਕਵੀ ਹਨ
- ਸੂਫ਼ੀ ਕਾਵਿ ਧਾਰਾ।

Scanned with CamScanner